**PSTET PAPER-II** | **SOCIAL STUDIES / SOCIAL SCIENCE** | **PREVIOUS EXAM. PAPER 2013 cum MODEL PRACTICE PAPER - 6**

## ਭਾਗ—A ਬਾਲ ਵਿਕਾਸ ਤੇ ਸਿੱਖਿਆ ਸ਼ਾਸਤਰ (ਦੁ-ਭਾਸ਼ੀਆ)-ਪ੍ਰਸ਼ਨ ਨੰ : 1-30

**1. Who said that cognition is in the centre of emotions and moves towards it :**
(*a*) Sketcher & Singer (*b*) Cannon & Beard
(*c*) Enkman (*d*) James & Laurge

**2. What among the following alternatives not used to recognise the special needs children ?**
(*a*) social status of parents
(*b*) anecdote reports
(*c*) interview of parents (*d*) pattern of behaviour

**3. Which among the following is not similar to proofs of intelligence and heredity effects :**
(*a*) adoption study of other language
(*b*) similar study
(*c*) fowarded study (*d*) clinical study

**4. A teacher wants to estimate the creative abilities of her students then she should make :**
(*a*) an organised work which should be completed in fixed timing
(*b*) an organised work which should be completed on individual speed
(*c*) under the planning of evaluation flexibility in various open ended works
(*d*) based on accepted results flexibility in various open ended works

**5. Which among the following is a sign of creative approached method ?**
(*a*) Absent of paper, pencil, tests
(*b*) No evaluation till Senior Secondary Level
(*c*) Evaluation according to the demand of students
(*d*) Self Evaluation and Cognition by students

**6. Which among the following cognition process is totally correct and sure the ability :**
(*a*) assimilisation (*b*) to receive again
(*c*) to provide code (*d*) chunking

**7. Which statement is based on explanation :**
(*a*) Siddharth got maximum number in mathematics
(*b*) Sumeer did Science practical before his classmates
(*c*) Vinita's marks of test was 75% more than her classmates
(*d*) which sums given to Viva she given 8 right answers out of 10

**8. When creative thinking arises critical thinking is**
(*a*) flexible (*b*) analytical
(*c*) misguided (*d*) new

**9. Before reaching at any end to identify the different alternatives is the what type of personality identification.**
(*a*) Identification of Spread
(*b*) Identification of Barrier
(*c*) Identification of Restrictions
(*d*) Identification of Achievement

**1. ਕਿਸਨੇ ਕਿਹਾ ਕਿ ਸੰਗਿਆਨ (cognition) ਭਾਵਨਾਵਾਂ ਦੇ ਕੇਂਦਰ ਵਿੱਚ ਹੈ ਅਤੇ ਉਸ ਵੱਲ ਵੱਧਦਾ ਹੈ ?**
(*a*) ਸਕੈਚਰ ਅਤੇ ਸਿੰਗਰ (*b*) ਕੈਨਨ ਅਤੇ ਬਾਰਡ
(*c*) ਐਂਕਮੈਨ (*d*) ਜੇਮਸ ਅਤੇ ਲਾਰਜ

**2. ਇਨ੍ਹਾਂ ਵਿਚੋਂ ਕਿਹੜਾ ਵਿਕਲਪ ਖਾਸ ਜ਼ਰੂਰਤਾਂ ਵਾਲੇ ਬੱਚਿਆਂ ਨੂੰ ਪਛਾਣਨ ਲਈ ਨਹੀਂ ਵਰਤਿਆ ਜਾ ਸਕਦਾ—**
(*a*) ਮਾਪਿਆਂ ਦਾ ਸਮਾਜਿਕ ਪੱਧਰ
(*b*) ਹਿਕਾਇਤ (Anecdote) ਰਿਪੋਰਟਾਂ
(*c*) ਮਾਪਿਆਂ ਦਾ ਇੰਟਰਵਿਊ
(*d*) ਵਿਹਾਰ ਮਾਪਨ ਦਾ ਪੈਮਾਨਾ

**3. ਇਨ੍ਹਾਂ 'ਚੋਂ ਕਿਹੜਾ ਬੁੱਧੀ 'ਤੇ ਵੰਸ਼ਾਨੁਗਤ ਪ੍ਰਭਾਵ ਦੇ ਇਕੱਠੇ ਸਬੂਤਾਂ ਤੋਂ ਮੇਲ ਨਹੀਂ ਖਾਂਦਾ ਹੈ—**
(*a*) ਮੰਜ਼ੂਰੀ ਲੈ ਕੇ ਦੂਜੀ ਬੋਲੀ ਦੀ ਪੜ੍ਹਾਈ (Adoption Studies)
(*b*) ਜੁੜਵਾਂ ਪੜ੍ਹਾਈ (*c*) ਉੱਪਰ ਨੂੰ ਵੱਧਦੀ ਪੜ੍ਹਾਈ
(*d*) ਕਲਿਨਿਕਲ ਪੜ੍ਹਾਈ

**4. ਇੱਕ ਅਧਿਆਪਕ ਆਪਣੇ ਵਿਦਿਆਰਥੀਆਂ ਦੀਆਂ ਸੰਰਚਨਾਤਮਕ ਯੋਗਤਾਵਾਂ ਦਾ ਅਨੁਮਾਨ ਲਾਉਣਾ ਚਾਹੁੰਦੀ ਹੈ ਤਾਂ ਉਸ ਨੂੰ ਬਣਾਉਣਾ ਚਾਹੀਦਾ ਹੈ—**
(*a*) ਸੰਗਠਿਤ ਕਾਰਜ ਜਿਸ ਨੂੰ ਇੱਕ ਨਿਸ਼ਚਿਤ ਸਮੇਂ ਵਿੱਚ ਪੂਰਾ ਕੀਤਾ ਜਾਵੇ
(*b*) ਸੰਗਠਿਤ ਕਾਰਜ ਜਿਸ ਨੂੰ ਵਿਅਕਤੀਗਤ ਗਤੀ ਉੱਤੇ ਪੂਰਾ ਕੀਤਾ ਜਾਵੇ
(*c*) ਮੁਲਾਂਕਣ ਯੋਜਨਾ ਦੇ ਅੰਤਰਗਤ ਖੁੱਲੇ ਅੰਤ ਵਾਲੇ ਕਾਰਜਾਂ ਦੀ ਵੰਨ-ਸੁਵੰਨਤਾ ਵਿੱਚ ਲਚੀਲਾਪਨ
(*d*) ਉਮੀਦ ਕੀਤੇ ਗਏ ਨਤੀਜਿਆਂ 'ਤੇ ਆਧਾਰਿਤ ਮੁਲਾਂਕਣ ਯੋਜਨਾ ਦੇ ਅੰਤਰਗਤ ਖੁੱਲ੍ਹੇ ਅੰਤ ਵਾਲੇ ਕਾਰਜਾਂ ਦੀ ਵੰਨ-ਸੁਵੰਨਤਾ

**5. ਇਨ੍ਹਾਂ ਵਿਚੋਂ ਕਿਹੜਾ ਸੰਰਚਨਾਤਮਕ ਪਹੁੰਚ-ਵਿਧੀ ਦਾ ਇਕ ਲੱਛਣ ਹੈ—**
(*a*) ਕਾਗਜ਼-ਪੈਂਸਿਲ ਟੈਸਟਾਂ ਦੀ ਗ਼ੈਰ-ਹਾਜ਼ਰੀ
(*b*) ਸੀਨੀਅਰ ਸਕੈਂਡਰੀ ਪੱਧਰ ਤਕ ਕੋਈ ਮੁਲਾਂਕਣ ਨਹੀਂ
(*c*) ਵਿਦਿਆਰਥੀ ਦੀ ਮੰਗ ਅਨੁਸਾਰ ਮੁਲਾਂਕਣ
(*d*) ਵਿਦਿਆਰਥੀਆਂ ਵਲੋਂ ਸਵੈ-ਮੁਲਾਂਕਣ ਅਤੇ ਚਿੰਤਨ

**6. ਇਨ੍ਹਾਂ ਵਿਚੋਂ ਕਿਹੜੀ ਸੰਗਿਆਨ ਪ੍ਰਕਿਰਿਆ ਬਿਲਕੁਲ ਸਹੀ ਅਤੇ ਯੋਗ ਸੰਗ੍ਰਹਿ ਨੂੰ ਪੱਕਾ ਕਰਦੀ ਹੈ—**
(*a*) ਆਤਮਸਾਤ ਕਰਨਾ (*b*) ਦੁਬਾਰਾ ਹਾਸਿਲ ਕਰਨਾ
(*c*) 'ਕੋਡ' ਪ੍ਰਦਾਨ ਕਰਨਾ (*d*) ਬਹੁਤਾਤ (chunking)

**7. ਇਨ੍ਹਾਂ 'ਚੋਂ ਕਿਹੜੀ ਪੱਧਤੀ ਆਧਾਰਿਤ ਵਿਆਖਿਆ ਹੈ—**
(*a*) ਸਿਧਾਰਥ ਨੇ ਸਭ ਤੋਂ ਵੱਧ ਨੰਬਰ ਹਿਸਾਬ ਵਿੱਚ ਲਏ
(*b*) ਸਮਰ ਨੇ ਵਿਗਿਆਨ ਦਾ ਪ੍ਰਯੋਗ ਆਪਣੇ ਜਮਾਤੀਆਂ ਨਾਲੋਂ ਪਹਿਲਾਂ ਕਰ ਲਿਆ
(*c*) ਵਿਨੀਤਾ ਦੇ ਟੈਸਟ ਦੇ ਨੰਬਰ 75% ਜਮਾਤੀਆਂ ਤੋਂ ਵਾਧੂ ਹਨ
(*d*) ਵਿਭਾ ਨੂੰ ਜੋ ਸਵਾਲ ਦਿੱਤੇ ਗਏ ਉਸ ਨੇ 10 'ਚੋਂ 8 ਦੇ ਸਹੀ ਜਵਾਬ ਦਿੱਤੇ

**8. ਜਦ ਸਿਰਜਣਾਤਮਕ ਸੋਚ ਦੀ ਉਤਪੱਤੀ ਹੁੰਦੀ ਹੈ ਤਾਂ ਆਲੋਚਨਾਤਮਕ ਸੋਚ .............. ਹੈ—**
(*a*) ਲਚੀਲੀ (*b*) ਵਿਸ਼ਲੇਸ਼ਣੀ
(*c*) ਬਹਿਕਾਉਣ ਵਾਲੀ (*d*) ਨਵੀਨ

**9. ਕਿਸੇ ਨਤੀਜੇ 'ਤੇ ਪਹੁੰਚਣ ਤੋਂ ਪਹਿਲਾਂ ਉਸ ਦੇ ਵੱਖੋ-ਵੱਖਰੇ ਵਿਕਲਪਾਂ ਦੀ ਖੋਜ ਕਰਨਾ ਕਿਸ ਤਰ੍ਹਾਂ ਦੀ ਸ਼ਖ਼ਸੀਅਤ ਦੀ ਪਛਾਣ ਹੈ—**
(*a*) ਫੈਲਾਓ ਦੀ ਪਛਾਣ (*b*) ਰੁਕਾਵਟ ਦੀ ਪਛਾਣ
(*c*) ਰੋਕ ਬੰਦਸ਼ ਦੀ ਪਛਾਣ (*d*) ਪ੍ਰਾਪਤੀ ਦੀ ਪਛਾਣ

**10. Which among the following is not a sign of education process :**
(*a*) Education takes birth only through preaching
(*b*) Education is a continue process
(*c*) Education is based on aims
(*d*) Education is life long process

**11. Braille is used to aim on study, which among the following sense is used to study through Braille.**
(*a*) Vision (*b*) Smell
(*c*) Hearing (*d*) Taste

**12. In the theory of intelligence who criticize the multi intelligence.**
(*a*) Harward Gardner (*b*) David Westler
(*c*) Robert Stainburg (*d*) Alfred Binnet

**13. Formative Evaluation did not present well through :**
(*a*) Assignment (*b*) Discussion
(*c*) Annual Test (*d*) Group work

**14. Which among the following alternatives is a sign of progressive education :**
(*a*) Flexible sitting place
(*b*) Continue Evaluation
(*c*) Lessons centred teaching
(*d*) Emphasis on presentation of test

**15. Identification of learner with learning disability. Which the among the following can not directly related to learner**
(*a*) lack of coordination of hand and eye
(*b*) hyper active
(*c*) poor writing ability
(*d*) lacking memory

**16. Motivation is important in learning because it :**
(*a*) helps to sharp the memory of learner
(*b*) helps to differentiate in new education and in old education
(*c*) helps to think various direction to learner
(*d*) it helps to create interest in learning

**17. Which is the cause of down syndrome among the following:**
(*a*) physical injury (*b*) unnatural chromosome
(*c*) face to X-rays (*d*) external social aspect

**18. What is the adequate definition of language relation pre-estimation :**
(*a*) each thinking is different from language categories
(*b*) language categories is result of thoughts of individual
(*c*) each thinking starts from language category
(*d*) eaching thinking goes to language ability

**19. A test is valid :**
(*a*) a teacher did not favour anyones
(*b*) he measures that which he promise to measure
(*c*) adequate result on time
(*d*) no favour in culture

**20. Which is truth among following :**
(*a*) emotions increase our education
(*b*) emotion takes education in nature
(*c*) emotions don't effect the education
(*d*) emotions increase in our nature of education

**10. ਇਨ੍ਹਾਂ ਵਿਚੋਂ ਕਿਹੜਾ ਕਥਨ ਸਿੱਖਿਆ ਪ੍ਰਕਿਰਿਆ ਦਾ ਲੱਛਣ ਨਹੀਂ ਹੈ—**
(*a*) ਸਿਖਿਆ ਸਿਰਫ ਉਪਦੇਸ਼ਾਂ ਰਾਹੀਂ ਜਨਮ ਲੈਂਦੀ ਹੈ
(*b*) ਸਿੱਖਿਆ ਇੱਕ ਨਿਰੰਤਰ ਪ੍ਰਕਿਰਿਆ ਹੈ
(*c*) ਸਿੱਖਿਆ ਉਦੇਸ਼ ਆਧਾਰਿਤ ਹੈ
(*d*) ਸਿੱਖਿਆ ਜੀਵਨ-ਕਾਲੀਨ (life long) ਪ੍ਰਕਿਰਿਆ ਹੈ

**11. ਬ੍ਰੇਲ (Braille) ਦੀ ਵਰਤੋਂ ਪੜ੍ਹਨ ਦੇ ਉਦੇਸ਼ ਲਈ ਕੀਤੀ ਜਾਂਦੀ ਹੈ। ਇਨ੍ਹਾਂ ਵਿਚੋਂ ਕਿਹੜੀ ਇੰਦਰੀ ਬ੍ਰੇਲ ਰਾਹੀਂ ਪੜ੍ਹਨ ਲਈ ਵਰਤੀ ਜਾਂਦੀ ਹੈ—**
(*a*) ਦ੍ਰਿਸ਼ਟੀ (*b*) ਸੁੰਘਣਾ
(*c*) ਸੁਣਨਾ (*d*) ਸਵਾਦ ਰਾਹੀਂ

**12. 'ਬੁੱਧੀ' ਦੇ ਸਿਧਾਂਤ ਵਿੱਚ ਕੌਣ 'ਬਹੁ-ਬੁੱਧੀ' ਦੀ ਆਲੋਚਨਾ ਕਰਦਾ ਹੈ—**
(*a*) ਹਾਵਡ ਗਾਡਨਰ (*b*) ਡੇਵਿਡ ਵੇਸਲਰ
(*c*) ਰੋਬਟ ਸਟੇਨਬਰਗ (*d*) ਅਲਫ੍ਰੇਡ ਬੀਨੇਟ

**13. ਫੋਰਮੇਟਿਵ ਮੁਲਾਂਕਣ ਕਿਸ ਰਾਹੀਂ ਸਭ ਤੋਂ ਵਧੀਆ ਪ੍ਰਸਤੁਤ ਨਹੀਂ ਹੁੰਦਾ.......**
(*a*) ਸੌਂਪਿਆ ਗਿਆ ਕੰਮ (Assignment)
(*b*) ਵਿਚਾਰ-ਚਰਚਾ (*c*) ਸਲਾਨਾ-ਟੈੱਸਟ (test)
(*d*) ਮਿਲ-ਜੁਲ ਕੇ ਕੀਤਾ ਜਾਣ ਵਾਲਾ ਕਾਰਜ

**14. ਇਨ੍ਹਾਂ ਵਿਚੋਂ ਕਿਹੜਾ ਵਿਕਲਪ 'ਪ੍ਰਗਤੀਸ਼ਾਲੀ ਵਿੱਦਿਆ' ਦਾ ਲੱਛਣ ਦਰਸਾਉਂਦਾ ਹੈ...........**
(*a*) ਬੈਠਣ ਦੀ ਲਚੀਲੀ ਵਿਵਸਥਾ
(*b*) ਲਗਾਤਾਰ ਮੁਲਾਂਕਣ (*c*) ਪਾਠ-ਕੇਂਦਰਿਤ ਅਧਿਆਪਨ
(*d*) ਟੈੱਸਟ ਦੀ ਪੇਸ਼ਕਾਰੀ ਉੱਤੇ ਜ਼ੋਰ

**15. ਸਿੱਖਣ ਦੀ ਅਯੋਗਤਾ ਨਾਲ ਕਿਸੇ ਸਿੱਖਣ ਵਾਲੇ ਦੀ ਪਛਾਣ ਇਨ੍ਹਾਂ ਵਿਚੋਂ ਕਿਹੜਾ ਸਿੱਖਣ ਵਾਲੇ ਨਾਲ ਸਿੱਧੇ ਤੌਰ 'ਤੇ ਸੰਬੰਧਿਤ ਨਹੀਂ ਹੋ ਸਕਦਾ—**
(*a*) ਹੱਥ-ਅੱਖ ਤਾਲਮੇਲ ਦੀ ਕਮੀ
(*b*) ਅਤਿ-ਕਿਰਿਆਸ਼ੀਲ (Hyper Active)
(*c*) ਮਾੜਾ ਲਿਖਣਾ (Poor Writing Ability)
(*d*) ਯਾਦ ਰੱਖਣ ਵਿੱਚ ਕਮੀ

**16. ਸਿੱਖਣ ਲਈ ਪ੍ਰੋਤਸਾਹਨ ਮਹੱਤਵਪੂਰਨ ਹੈ ਕਿਉਂਕਿ ਇਹ ............**
(*a*) ਸਿੱਖਣ ਵਾਲੇ ਦੀ ਯਾਦਦਾਸ਼ਤ ਨੂੰ ਤਿੱਖਾ ਕਰਨ ਵਿੱਚ ਮਦਦ ਕਰਦਾ ਹੈ
(*b*) ਨਵੀਂ ਸਿੱਖਿਆ ਅਤੇ ਪੁਰਾਣੀ ਸਿੱਖਿਆ ਵਿੱਚ ਅੰਤਰ ਸਿਰਜਣ ਵਿੱਚ ਮਦਦ ਕਰਦਾ ਹੈ
(*c*) ਇਹ ਸਿੱਖਣ ਵਾਲੇ ਨੂੰ ਇੱਕ ਤੋਂ ਵੱਧ ਦਿਸ਼ਾਵਾਂ ਵਿੱਚ ਸੋਚਣ ਲਈ ਮਦਦ ਕਰਦਾ ਹੈ
(*d*) ਸਿੱਖਣ ਵਿੱਚ ਰੁਚੀ ਪੈਦਾ ਕਰਨ ਲਈ ਮਦਦ ਕਰਦਾ ਹੈ

**17. ਡਾਊਨ ਸਿੰਡ੍ਰੋਮ (Down Syndrome) ਇਨ੍ਹਾਂ ਵਿਚੋਂ ਕਿਸ ਵਜ੍ਹਾ ਨਾਲ ਹੁੰਦੀ ਹੈ—**
(*a*) ਸਰੀਰਿਕ ਸੱਟ (*b*) ਗੁਣ-ਸੂਤਰ ਅਸੁਭਾਵਿਕਤਾ
(*c*) X-ਕਿਰਣਾਂ ਦਾ ਸਾਹਮਣਾ (*d*) ਬਾਹਰੀ ਸਮਾਜਿਕ ਪੱਖ

**18. 'ਭਾਸ਼ਾਈ ਸੰਬੰਧਤਾ ਪੂਰਵ ਅਨੁਮਾਨ' ਦੀ ਸਹੀ ਪਰਿਭਾਸ਼ਾ ਕੀ ਹੈ—**
(*a*) ਹਰ ਇੱਕ ਸੋਚ, ਭਾਸ਼ਾਈ ਸ਼੍ਰੇਣੀਆਂ ਤੋਂ ਵੱਖ ਹੁੰਦੀ ਹੈ
(*b*) ਭਾਸ਼ਾਈ ਸ਼੍ਰੇਣੀਆਂ, ਵਿਅਕਤੀ ਦੀਆਂ ਨਿਜੀ ਸੋਚਾਂ ਦਾ ਨਤੀਜਾ ਹੈ
(*c*) ਹਰ ਇੱਕ ਸੋਚ, ਭਾਸ਼ਾਈ ਸ਼੍ਰੇਣੀਆਂ ਤੋਂ ਤੈਅ ਹੁੰਦੀ ਹੈ
(*d*) ਹਰ ਇੱਕ ਸੋਚ, ਭਾਸ਼ਾਈ ਯੋਗਤਾ ਵੱਲ ਲੈ ਜਾਂਦੀ ਹੈ

**19. ਇੱਕ ਟੈੱਸਟ (test) ਮੰਨਣਯੋਗ ਹੈ ਜੇਕਰ.............**
(*a*) ਉਸ ਵਿੱਚ ਅਧਿਆਪਕ ਵਲੋਂ ਪੱਖ-ਪਾਤ ਨਹੀਂ ਹੈ
(*b*) ਉਹੀ ਮਾਪਦਾ ਹੈ ਜੋ ਉਹ ਮਾਪਣ ਦਾ ਦਾਅਵਾ ਕਰਦਾ ਹੈ
(*c*) ਸਮੇਂ ਉੱਤੇ ਯੋਗ ਨਤੀਜਾ
(*d*) ਉਸ ਵਿੱਚ ਸਭਿਆਚਾਰਕ ਪੱਖ-ਪਾਤ ਨਾ ਹੋਵੇ

**20. ਇਨ੍ਹਾਂ 'ਚੋਂ ਕਿਹੜਾ ਸੱਚ ਹੈ—**
(*a*) ਭਾਵ ਸਾਡੀ ਸਿੱਖਿਆ ਵਿੱਚ ਵਾਧਾ ਕਰਦੇ ਹਨ
(*b*) ਭਾਵ ਸਿੱਖਿਆ ਨੂੰ ਸੁਭਾਅ ਵਿੱਚ ਲਿਆਉਂਦਾ ਹੈ
(*c*) ਭਾਵ ਸਿੱਖਿਆ ਨੂੰ ਪ੍ਰਭਾਵਿਤ ਨਹੀਂ ਕਰਦਾ
(*d*) ਭਾਵ ਸਾਡੀ ਸਿੱਖਿਆ ਤੇ ਸੁਭਾਅ ਦੇ ਪੱਕੇ-ਪਨ ਵਿੱਚ ਵਾਧਾ ਕਰਦਾ ਹੈ

**21. Gilligun presented the alternative moral development principle of Kohelberg**

(a) morality of look after
(b) nutrition
(c) dependence on each other
(d) morality of love

**22. Children have more knowledge of uses of mobiles then their parents so now parents depends on their children to use the new mobile. Which is situation is this :**

(a) forward socialization
(b) backward socialization
(c) primary socialization
(d) known socialization

**23. Rohit has failed in examination and he is making the excuses. It is example of :**

(a) self actualisation (b) nature to increase himself
(c) self control (d) self efficiency

**24. Students of 8th Class organized the United National Assembly programme it is an example of :**

(a) scaffolding (b) established cognition
(c) training from classmate
(d) learning told by teacher

**25. Development has four principle which are fixed and true at any stage of development. Which is not among the following :**

(a) happening of estimation is a stone way in development
(b) different stages of development of children
(c) growth and development are equal in every situation
(d) heredity and nature both effects the development

**26. As a social agent who is taking the role of family ?**

(a) teacher (b) peer group
(c) neighbour (d) society

**27. For the preparation of any test the first step is**

(a) decision about length of test
(b) identification of aims of education
(c) choose the test material
(d) decision of total marks of test

**28. What is called is on knowledge from the general knowledge of children :**

(a) area of estimation of development
(b) sensory motor nature
(c) free morality (d) personal languages

**29. Which statement is right among the following :**

(a) socialization didn't effect the individual development
(b) there is similarity in civilization inspite of these there is a lots of discrimination in society
(c) as a result of successful society there is similarity in sociaty is result of good socialization
(d) in India socialization processing of girls and boys are same

**30. Which is among the following is called right for the internal motivation**

(a) it decreases the reward
(b) it increases when reward is given
(c) there is no place of rewards
(d) there is place of rewards but it depends on self respect that how your motivation changes

**21. 'ਕੋਲਬਰਗ' ਦੇ ਨੈਤਿਕ ਵਿਕਾਸ ਦੇ ਸਿਧਾਂਤ ਦਾ ਵਿਕਲਪ 'ਗਿੱਲੀਗਨ' ਨੇ ਪ੍ਰਸਤੁਤ ਕੀਤਾ ਹੈ—**

(a) ਦੇਖਭਾਲ ਦੀ ਨੈਤਿਕਤਾ (b) ਪੋਸ਼ਕਤਾ
(c) ਇੱਕ-ਦੂਜੇ 'ਤੇ ਨਿਰਭਰ (d) ਪਿਆਰ ਦੀ ਨੈਤਿਕਤਾ

**22. ਬੱਚੇ ਆਪਣੇ ਮਾਂ-ਪਿਓ ਨਾਲੋਂ ਮੋਬਾਈਲ ਦੀ ਵਰਤੋਂ ਦੀ ਜ਼ਿਆਦਾ ਸਮਝ ਰੱਖਦੇ ਹਨ। ਇਸ ਬਾਰੇ ਨਵੇਂ ਮੋਬਾਇਲ ਦੀ ਵਰਤੋਂ ਵਿੱਚ ਮਾਪੇ ਬੱਚਿਆਂ 'ਤੇ ਵੱਧ ਨਿਰਭਰ ਕਰਦੇ ਹਨ। ਉਹ ਕਿਹੜੀ ਸਥਿਤੀ ਹੈ—**

(a) ਅੱਗੇ ਵੱਧਣ ਵਾਲਾ ਸਮਾਜੀਕਰਣ
(b) ਪਿਛੋਕੜ ਵਾਲਾ ਸਮਾਜੀਕਰਣ
(c) ਪ੍ਰਾਥਮਿਕ ਸਮਾਜੀਕਰਣ (d) ਗੈਰ-ਸਮਾਜੀਕਰਣ

**23. ਰੋਹਿਤ ਪ੍ਰੀਖਿਆ ਵਿੱਚ ਫੇਲ੍ਹ ਹੋ ਗਿਆ ਹੈ ਅਤੇ ਇਸ ਦੇ ਲਈ ਬਹਾਨੇ ਬਣਾ ਰਿਹਾ ਹੈ। ਇਹ ਕਿਸ ਦਾ ਉਦਾਹਰਣ ਹੈ—**

(a) ਸਵੈ-ਧਾਰਣਾ
(b) ਆਪਣੇ ਆਪ ਨੂੰ ਵਧਾਉਣ (ਉੱਚਾ ਚੁੱਕਣ) ਦਾ ਸੁਭਾਅ
(c) ਸਵੈ-ਨਿਯੰਤਰਣ (self–control)
(d) ਸਵੈ-ਗੁਣ (self efficiency)

**24. ਅੱਠਵੀਂ ਜਮਾਤ ਦੇ ਬੱਚਿਆਂ ਨੇ ਸੰਯੁਕਤ ਰਾਸ਼ਟਰ ਸੰਘ ਸਭਾ ਦਾ ਪ੍ਰੋਗਰਾਮ ਕੀਤਾ। ਇਹ ਕਿਸ ਸਿੱਖਿਆ ਦਾ ਉਦਾਹਰਣ ਹੈ—**

(a) ਚਬੂਤਰਾ (Scaffolding) (b) ਸਥਾਪਤ ਸੰਗਾਨ
(c) ਸਾਥੀ ਤੋਂ ਸਿਖਲਾਈ (d) ਅਧਿਆਪਕ ਦੁਆਰਾ ਦੱਸਿਆ ਉਪਾਗਮ

**25. ਵਿਕਾਸ ਦੇ ਚਾਰ ਮੁੱਖ ਅਸੂਲ ਹਨ ਜੋ ਵਿਕਾਸ ਦੇ ਕਿਸੇ ਵੀ ਪੜਾਅ ਵਿੱਚ ਪੱਕੇ-ਸੱਚੇ ਹਨ। ਹੇਠਾਂ ਲਿਖਿਆਂ ਵਿੱਚੋਂ ਕਿਹੜਾ ਠੀਕ ਨਹੀਂ ਹੈ—**

(a) ਵਿਕਾਸ ਵਿੱਚ ਅਨੁਮਾਨ ਦੇ ਤਰੀਕੇ ਦਾ ਵਾਪਰਨਾ ਵਿਕਾਸ ਦਾ ਮੀਲ ਪੱਥਰ ਹੈ
(b) ਬੱਚਿਆਂ ਦੇ ਵਿਕਾਸ ਦੇ ਵੱਖ-ਵੱਖ ਪੱਧਰ
(c) ਵਿਕਾਸ ਤੇ ਉੱਨਤੀ ਵਿਕਾਸ ਦੀ ਹਰ ਇਕ ਅਵਸਥਾ ਵਿੱਚ ਲਗਭਗ ਇਕ ਸਮਾਨ ਹੈ
(d) ਵਿਕਾਸ 'ਤੇ ਵੰਨਸ਼ਾਨੁਗਤ ਤੇ ਪ੍ਰਾਕਿਰਤੀ ਦੋਹਾਂ ਦਾ ਪ੍ਰਭਾਵ ਪੈਂਦਾ ਹੈ

**26. ਸਮਾਜਿਕ ਏਜੰਟ ਵਜੋਂ ਪਰਿਵਾਰ ਦੀ ਭੂਮਿਕਾ ਵਿਚ ਕੌਣ ਪਰਿਵਾਰ ਦੀ ਥਾਂ ਲੈ ਰਿਹਾ ਹੈ—**

(a) ਅਧਿਆਪਕ (b) ਸਾਥੀ ਸਮੂਹ
(c) ਪੜੋਸੀ (d) ਸਮਾਜ

**27. ਕੋਈ ਵੀ ਜਾਂਚ-ਟੈੱਸਟ ਨੂੰ ਤਿਆਰ ਕਰਨ ਵਿੱਚ ਪਹਿਲਾ ਕਦਮ ਹੈ—**

(a) ਟੈੱਸਟ ਦੀ ਲੰਬਾਈ ਵਾਰੇ ਨਿਰਣੇ
(b) ਸਿੱਖਿਆ ਦੇ ਉਦੇਸ਼ਾਂ ਦੀ ਪਹਿਚਾਣ
(c) ਟੈੱਸਟ ਸਮਗਰੀ ਨੂੰ ਚੁਣਨਾ (d) ਟੈੱਸਟ ਦੇ ਕੁੱਲ ਨੰਬਰਾਂ ਦਾ ਨਿਰਣੇ

**28. ਬੱਚੇ ਦੇ ਸਾਂਝੇ ਗਿਆਨ ਵਿੱਚੋਂ ਉਸ ਦੇ ਆਪਣੇ ਗਿਆਨ ਦੇ ਵਿਕਾਸ ਦੇ ਅੰਤਰ ਨੂੰ ਕੀ ਕਹਿੰਦੇ ਹਨ—**

(a) ਅੰਦਾਜ਼ੇ ਦੇ ਵਿਕਾਸ ਦਾ ਖੇਤਰ
(b) ਸੰਵੇਦੀ-ਚਾਲਕ ਸੁਭਾਅ
(c) ਆਜ਼ਾਦ ਨੈਤਿਕਤਾ (d) ਨਿਜੀ-ਬੋਲੀ

**29. ਇਨ੍ਹਾਂ ਵਿਚੋਂ ਕਿਹੜੀ ਦਲੀਲ ਠੀਕ ਹੈ—**

(a) ਸਮਾਜੀਕਰਣ ਨਿਜੀ ਵਿਕਾਸ ਨੂੰ ਪ੍ਰਭਾਵਿਤ ਨਹੀਂ ਕਰਦਾ ਹੈ
(b) ਸਭਿਆਚਾਰ ਵਿੱਚ ਸਮਰੂਪਤਾ ਹੈ ਫਿਰ ਵੀ ਸਮਾਜ ਦੇ ਵੱਡੇ ਭਾਗ ਵਿੱਚ ਮੱਤਭੇਦ ਹੈ ਕਿ ਸਾਡੇ ਵਿੱਚ ਸਮਾਨ ਕਾਇਦਾ ਕੀ ਹੈ
(c) ਸਫਲ ਸਮਾਜੀਕਰਣ ਦੇ ਨਤੀਜੇ ਵਜੋਂ ਸਮਾਜ ਵਿੱਚ ਇਕ-ਰੂਪਤਾ ਹੀ ਚੰਗੇ ਸਮਾਜੀਕਰਣ ਦਾ ਨਤੀਜਾ ਹੈ
(d) ਭਾਰਤ ਵਿੱਚ ਮੁੰਡੇ ਤੇ ਕੁੜੀਆਂ ਵਿਚ ਸਮਾਜੀਕਰਣ ਦੀ ਪ੍ਰਕਿਰਿਆ ਸਮਾਨ ਹੈ

**30. ਅੰਤਰੰਗ-ਪ੍ਰੋਤਸਾਹਨ ਲਈ ਇਨ੍ਹਾਂ ਵਿਚੋਂ ਕਿਸ ਨੂੰ ਸਹੀ ਸਮਝਿਆ ਜਾ ਸਕਦਾ ਹੈ—**

(a) ਇਨਾਮ ਇਸ ਨੂੰ ਘਟਾਉਂਦਾ ਹੈ
(b) ਇਹ ਵੱਧਦਾ ਹੈ ਜਦੋਂ ਇਨਾਮ ਦਿੱਤਾ ਜਾਵੇ
(c) ਇਸ ਵਿੱਚ ਇਨਾਮਾਂ ਦੀ ਗੁੰਜਾਇਸ਼ ਨਹੀਂ ਹੈ
(d) ਇਸ ਵਿੱਚ ਇਨਾਮਾਂ ਦੀ ਗੁੰਜਾਇਸ਼ ਹੈ ਪਰ ਇਹ ਆਤਮ ਸੰਨਮਾਨ ਦੇ ਪੱਧਰ 'ਤੇ ਨਿਰਭਰ ਕਰਦਾ ਹੈ ਕਿ ਕਿਵੇਂ ਤੁਹਾਡਾ ਪ੍ਰੋਤਸਾਹਨ ਬਦਲਦਾ ਹੈ

## ਪੰਜਾਬੀ ਭਾਸ਼ਾ-ਪ੍ਰਸ਼ਨ ਨੰ: 31-60

ਹੇਠਾਂ ਲਿਖੀਆਂ ਕਾਵਿ ਸਤਰਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ :—ਪ੍ਰਸ਼ਨ ਨੰਬਰ 31 ਤੋਂ 37

"ਪ੍ਰਭ ਜੀ ਬਾਰ ਬਾਰ ਅਵਤਰੇ
ਹਰਨਾਖਸ਼ ਨਹੀਂ ਮਰੇ
ਹਰ ਦਿਹੁੰ ਆਪਣਾ ਮੰਦਰ ਸਾਜੇ ਆਪਣਾ ਦਿਉਤਾ ਘੜੇ
ਅਗਲੇ ਦਿਨ ਪ੍ਰਹਿਲਾਦ ਪਧਾਰੇ ਤੋੜ ਤਾੜ ਸਭ ਧਰੇ
ਨਵੇਂ ਬ੍ਰਹਮ ਨੂੰ ਨਵੀਂ ਕਲਪਨਾ ਨਹੀਂ ਬੰਦਨਾ ਕਰੇ
ਹਰਨਾਖਸ਼ ਨਹੀਂ ਮਰੇ
ਸਰਘੀ ਦਾ ਪ੍ਰਹਿਲਾਦ ਸੰਝ ਨੂੰ ਹਰਨਾਖਸ਼ ਬਣ ਜਾਵੇ
ਸੰਝ ਨਜ਼ਰ ਨੂੰ ਰੂਪ ਫਜ਼ਰ ਦਾ ਜੁਗ ਮੇਲਾ ਦਿਸ ਆਵੇ
ਆਪਣਾ ਹੀ ਸਾਹ ਆਪਣੇ ਹੀ ਰਾਹ ਦੀ ਮੂਲ ਨਾਂ ਹਾਮੀ ਭਰੇ
ਹਰਨਾਖਸ਼ ਨਹੀਂ ਮਰੇ
ਅੱਜ ਤਾਂ ਪਿਤਾ ਸੰਘਾਰਣ ਪ੍ਰਭ ਜੀ ਪਾਸ ਮੇਰੇ ਤੁਰ ਆਏ
ਕੱਲ ਓੜਕ ਨੂੰ ਪਿਤਾ ਬਣਨਗੇ ਮੇਰੇ ਆਪਣੇ ਜਾਏ
ਇਹ ਹੰਝੂ ਇਕ ਮੁਸਕਣ ਕੱਲ੍ਹ ਨੂੰ ਇਹ ਅਰਪਣ ਕਰੇ
ਪ੍ਰਭ ਜੀ ਬਾਰ-ਬਾਰ ਅਵਤਰੇ
ਹਰਨਾਖਸ਼ ਨਹੀਂ ਮਰੇ"

31. 'ਅਵਤਰੇ' ਸ਼ਬਦ ਤੋਂ ਕੀ ਭਾਵ ਹੈ ?
(a) ਸੰਘਾਰ (b) ਅਵਤਾਰ ਧਾਰਿਆ
(c) ਮਰ ਜਾਣਾ (d) ਨਾਸ਼ ਕਰਨਾ

32. ਕਾਵਿ ਸਤਰਾਂ ਅਨੁਸਾਰ ਸਵੇਰੇ ਦਾ ਪ੍ਰਹਿਲਾਦ ਸ਼ਾਮ ਨੂੰ ਕੀ ਬਣ ਜਾਂਦਾ ਹੈ ?
(a) ਮਾੜਾ ਪੁੱਤਰ (b) ਸ਼ਿਵ
(c) ਵੱਡਾ ਪੁੱਤਰ (d) ਹਰਨਾਖਸ਼

33. 'ਸਰਘੀ' ਦਿਨ ਦੇ ਕਿਹੜੇ ਸਮੇਂ ਨੂੰ ਕਹਿੰਦੇ ਹਨ ?
(a) ਸਵੇਰ (b) ਸ਼ਾਮ
(c) ਰਾਤ (d) ਦੁਪਹਿਰ

34. 'ਹੰਝੂ' ਕਿਸ ਗੱਲ ਦਾ ਪ੍ਰਤੀਕ ਹਨ ?
(a) ਖੇੜੇ (b) ਦੁਖ
(c) ਖੁਸ਼ੀ (d) ਸਵੇਰ

35. ਹਰਨਾਖਸ਼ ਤੇ ਪ੍ਰਹਿਲਾਦ ਦਾ ਆਪਸ ਵਿਚ ਕੀ ਰਿਸ਼ਤਾ ਸੀ ?
(a) ਦਾਦੇ-ਪੋਤਰੇ (b) ਪਿਓ-ਪੁੱਤਰ
(c) ਭਰਾ-ਭਰਾ (d) ਚਾਚਾ-ਭਤੀਜਾ

36. ਇਨ੍ਹਾਂ ਕਾਵਿ ਸਤਰਾਂ ਵਿਚ 'ਮਰੇ' ਸ਼ਬਦ ਕਿੰਨੀ ਵਾਰ ਪ੍ਰਯੋਗ ਹੋਇਆ ਹੈ ?
(a) ਦੋ (b) ਇਕ
(c) ਚਾਰ (d) ਪੰਜ

37. ਇਨ੍ਹਾਂ ਕਾਵਿ ਸਤਰਾਂ ਦਾ ਕਵੀ ਕੌਣ ਹੈ ?
(a) ਭਾਈ ਵੀਰ ਸਿੰਘ (b) ਪੂਰਨ ਸਿੰਘ
(c) ਅੰਮ੍ਰਿਤਾ ਪ੍ਰੀਤਮ (d) ਹਰਿਭਜਨ ਸਿੰਘ

ਹੇਠਾਂ ਲਿਖੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹੋ ਅਤੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ :—ਪ੍ਰਸ਼ਨ ਨੰਬਰ 38 ਤੋਂ 45

ਦੁੱਧ ਪੀ ਕੇ ਬਾਪੂ ਜੀ ਨੇ ਆਪਣੇ ਪਰਨੇ ਨਾਲ ਪਾਣੀ ਵਾਲੀ ਗੜਵੀ ਚੁੱਕੀ ਤੇ ਬੈਠਕ ਤੋਂ ਬਾਹਰ ਆ ਕੇ ਹੱਥ ਧੋ ਲਏ, ਨੰਥੇ ਨੂੰ ਵੀ ਉਹਨਾਂ ਨੇ ਹੱਥ ਧੋਣ ਲਈ ਕਿਹਾ। ਉਹ ਦੋਵੇਂ ਗਲਾਸ ਚੁੱਕ ਕੇ ਬਾਹਰ ਲੈ ਆਇਆ ਤੇ ਚੌਂਕੇ 'ਚ ਭਾਂਡੇ ਮਾਂਜਣ ਵਾਲੀ ਥਾਂ ਰੱਖਣ ਪਿੱਛੋਂ ਹੱਥ ਧੋ ਕੇ ਪਰਤ ਆਇਆ। ਉਹ ਦੇ ਲਈ ਜਿਵੇਂ ਇੱਥੇ ਇੱਕ ਮਿੰਟ ਵੀ ਭਾਰੂ ਹੋ ਰਿਹਾ ਸੀ।

"ਲੈ ਹੁਣ ਮਨ-ਚਿੱਤ ਇਕਾਗਰ ਕਰਕੇ ਸੁਣ।" ਬਾਪੂ ਜੀ ਨੇ ਉਸ ਦੇ ਆਉਣ ਤੋਂ ਪਹਿਲਾਂ ਹੀ ਕੁਝ ਪੁਰਾਣੇ ਅਖ਼ਬਾਰ, ਕੁਝ ਹੱਥ ਨਾਲ ਲਿਖੇ ਹੋਏ ਕਾਗਜ਼ ਤੇ ਇੱਕ ਪੋਥੀ ਕੱਢ ਕੇ ਆਸਣ ਉੱਤੇ ਰੱਖ ਲਈ ਸੀ। ਉੱਧਰ ਇਸ਼ਾਰਾ ਕਰਦਿਆਂ ਉਹ ਬੋਲੇ, "ਇਹ ਸਾਰੇ ਅਖ਼ਬਾਰ ਤੇ ਸ਼ਰੋਮਣੀ ਕਮੇਟੀ ਦੇ ਮਤੇ, ਮੈਂ ਜੈਤੋਂ ਦੇ ਮੋਰਚੇ ਵੇਲੇ ਦੇ ਸਾਂਭੇ ਹੋਏ ਐ। ਇਹਨਾਂ ਵਿੱਚ ਮੋਰਚੇ ਦਾ ਸਾਰਾ ਹਾਲ ਦਰਜ ਐ। ਤੂੰ ਜਦੋਂ ਇਮਤਿਹਾਨ ਦੇ ਲਏਂਗਾ, ਫੇਰ ਇਹ ਪੜ੍ਹ ਲਈਂ। ਫਿਲਹਾਲ ਮੈਂ ਤੈਨੂੰ ਕੁਝ ਗੱਲਾਂ ਅੱਜ ਜ਼ਬਾਨੀ ਸੁਣਾ ਦਿਨੈਂ।"

ਕੁਝ ਰੁਕ ਕੇ ਉਹਨਾਂ ਆਪਣੇ ਖੱਦਰ ਦੇ ਪਰਨੇ ਨਾਲ ਇੰਝ ਮੂੰਹ ਪੂੰਝਿਆ ਜਿਵੇਂ ਉਹ ਮੂੰਹ ਨੂੰ ਪਵਿੱਤਰ ਕਰ ਕੇ ਹੀ ਇਹ ਵਾਰਤਾ ਸੁਣਾਉਣਾ ਚਾਹੁੰਦੇ ਹੋਣ। ਫੇਰ ਉਹ ਆਪਣੇ ਸੁਭਾਅ ਅਨੁਸਾਰ, ਗੱਲ ਸ਼ੁਰੂ ਕਰ ਕੇ, ਬੜੇ ਨਰ੍ਹਮੇ ਨਾਲ ਤੇ ਰਸ ਨਾਲ ਸੁਣਾਉਣ ਲੱਗ ਪਏ।

"ਜੈਤੋਂ ਦਾ ਮੋਰਚਾ ਕੋਈ ਦੋ ਸਾਲ ਚਲਦਾ ਰਿਹਾ ਸੀ। ਇਹ ਅਗਸਤ 1923 ਵਿੱਚ ਸ਼ੁਰੂ ਹੋਇਆ। ਗੁਰਦੁਆਰਾ ਗੰਗਸਰ ਵਿਖੇ ਜਿਹੜਾ ਅਖੰਡ ਪਾਠ, ਹਾਕਮਾਂ ਦੀ ਮੂਰਖ਼ਤਾ ਕਰਕੇ ਖੰਡਿਤ ਹੋਇਆ ਸੀ ਉਹਨੇ ਸਿੱਖ ਸੰਗਤਾਂ ਦੇ ਮਨਾਂ ਅੰਦਰ ਰੋਸ਼ ਤੇ ਜੋਸ਼ ਪੈਦਾ ਕਰ ਦਿੱਤਾ। ਸ਼ਰੋਮਣੀ ਅਕਾਲੀ ਦਲ ਨੇ ਪੁਰਅਮਨ ਸਤਿਆਗ੍ਰਹਿ ਦਾ ਫੈਸਲਾ ਕੀਤਾ। ਇੱਕ ਸਤੰਬਰ ਨੂੰ ਪੱਚੀ ਸਿੰਘਾਂ ਦਾ ਜੱਥਾ ਜੈਤੋਂ ਪਾਠ ਰੱਖਣ ਵਾਸਤੇ ਵੀ ਆਇਆ ਪਰ ਮੋਰਚੇ ਵਾਸਤੇ ਪੱਚੀ ਸਿੰਘਾਂ ਦਾ ਪਹਿਲਾ ਜੱਥਾ ਅਸਲ ਵਿਚ 15 ਸਤੰਬਰ ਨੂੰ ਜੈਤੋਂ ਭੇਜਿਆ ਸੀ। ਇਸ ਪਿਛੋਂ ਪੰਜ ਛੇ ਮਹੀਨੇ ਪੱਚੀ-ਪੱਚੀ ਦੇ ਜੱਥੇ ਲਗਾਤਾਰ ਆਉਂਦੇ ਰਹੇ।"

ਜਿਹੜੇ ਇਹ ਪੱਚੀ-ਪੱਚੀ ਸਿੰਘਾਂ ਦੇ ਜੱਥੇ ਆਉਂਦੇ ਉਹਨਾਂ ਨੇ ਬੜੇ ਤਸੀਹੇ ਝੱਲੇ। ਇਹਨਾਂ ਨੂੰ ਜੈਤੋਂ ਜਿਸ ਥਾਂ ਉੱਤੇ ਕੈਦ ਰੱਖਿਆ ਸੀ, ਉਹ ਨਰਕ-ਕੁੰਡ ਵਰਗੀ ਸੀ। ਉੱਥੇ ਕਈ ਵਾਰੀ ਮੈਨੂੰ ਵੀ ਜਾਣਾ ਪਿਆ-ਇਹਦੀ ਵਾਰਤਾ ਤੈਨੂੰ ਥੋੜ੍ਹੀ ਬਹੁਤ ਸੁਣਾਈ ਹੋਈ ਐ। ਜਦੋਂ ਉੱਥੇ ਪੱਚੀ-ਪੱਚੀ ਦੇ ਤਿੰਨ ਜੱਥੇ 'ਕਠੇ ਹੋ ਜਾਂਦੇ ਉਦੋਂ ਤਿੰਨਾਂ ਨੂੰ ਗੱਡੀ ਵਿੱਚ ਤੁੜ ਕੇ ਬਾਵਲਕਾਂਟੀ ਭੇਜ ਦਿੱਤਾ ਜਾਂਦਾ। ਇਹ ਥਾਂ ਇੱਥੋਂ ਬਹੁਤ ਦੂਰ ਐ-ਓਪਰ ਦਿੱਲੀ ਵਾਲੇ ਪਾਸੇ। ਓਥੇ ਰਿਆਸਤ ਨਾਭਾ ਦਾ ਰਾਜ ਐ, ਹੁਣ ਵੀ, ਪਰ ਹੈ ਰਿਆਸਤ ਦੀ ਦੱਖਣੀ ਹੱਦ ਈ। ਤਿੰਨ ਜਥੇ 'ਕਠੇ ਹੋਣ ਤਾਈ' ਪਹਿਲੇ ਤੇ ਦੂਜੇ ਜਥੇ ਨੂੰ ਕਈ-ਕਈ ਹਫਤੇ ਜੈਤੋਂ ਦੇ ਓਸ ਨਰਕ-ਕੁੰਡ ਵਿਚ ਰਹਿਣਾ ਪੈਂਦਾ ਸੀ। ਇਸ ਸਮੇਂ ਵਿਚ ਸਿੱਖਾਂ ਨੂੰ ਬਹੁਤ ਤਸੀਹੇ ਝੱਲਣੇ ਪੈਂਦੇ ਸੀ।

ਜਿਹੜੇ ਪੰਜ ਸੌ ਸਿੰਘਾਂ ਦੇ ਸ਼ਹੀਦੀ ਜਥੇ ਦੀ ਕਹਾਣੀ ਮੈਂ ਤੈਨੂੰ ਸੁਣਾਉਣੀ ਚਾਹੁੰਨੈਂ ਉਹ 9 ਫਰਵਰੀ 1924 ਨੂੰ, ਜੱਥੇਦਾਰ ਊਧਮ ਸਿੰਘ ਨਾਗੋਕੇ ਦੀ ਅਗਵਾਈ ਹੇਠ ਅੰਮ੍ਰਿਤਸਰੋਂ ਚੱਲਿਆ ਸੀ ਪਰ ਊਧਮ ਸਿੰਘ ਨੂੰ ਪੁਲਿਸ ਨੇ ਅੰਮ੍ਰਿਤਸਰ ਈ ਗਿਰਫ਼ਤਾਰ ਕਰ ਲਿਆ। ਓਸ ਪਿੱਛੋਂ ਜਥੇ ਦੀ ਅਗਵਾਈ ਭਾਈ ਸੁਲਤਾਨ ਸਿੰਘ ਤੇ ਸ. ਜਗਤ ਸਿੰਘ 'ਮੀਤ' ਨੂੰ ਸੌਂਪੀ ਗਈ।

38. ਸ਼ਰੋਮਣੀ ਅਕਾਲੀ ਦਲ ਨੇ ਪੁਰਅਮਨ ਸੱਤਿਆਗ੍ਰਹਿ ਦਾ ਫੈਸਲਾ ਕਿਸ ਲਈ ਕੀਤਾ ?
(a) ਜੈਤੋਂ ਜਾਣ ਲਈ (b) 1923 ਵਿੱਚ ਜੈਤੋਂ ਜਾਣ ਲਈ
(c) ਖੰਡਿਤ ਹੋਏ ਪਾਠ ਲਈ (d) ਦੋ ਸਾਲ ਜੈਤੋਂ ਜਾਣ ਲਈ

39. ਜੱਦ ਜਥੇ ਇਕੱਠੇ ਹੋ ਜਾਂਦੇ ਤਾਂ ਉਹਨਾਂ ਨੂੰ ਕਿਸ ਥਾਂ 'ਤੇ ਭੇਜਿਆ ਜਾਂਦਾ ਸੀ ?
(a) ਦਿੱਲੀ ਵਿੱਚ (b) ਬਾਵਲਕਾਂਟੀ ਵਿੱਚ
(c) ਨਾਭਾ ਰਿਆਸਤ ਵਿੱਚ (d) ਰਿਆਸਤ ਦੀ ਦੱਖਣੀ ਹੱਦ ਵਿੱਚ

40. ਨਾਗੋਕੇ ਦੀ ਅਗਵਾਈ ਹੇਠ ਅੰਮ੍ਰਿਤਸਰੋਂ ਕੌਣ ਚੱਲਿਆ ਸੀ ?
(a) ਭਾਈ ਸੁਲਤਾਨ ਸਿੰਘ (b) ਸ. ਜਗਤ ਸਿੰਘ 'ਮੀਤ'
(c) ਨਾਗੋਕੇ (d) ਊਧਮ ਸਿੰਘ

41. "ਲੈ ਹੁਣ ਮਨ-ਚਿੱਤ ਇਕਾਗਰ ਕਰਕੇ ਸੁਣ।" ਇਹ ਸ਼ਬਦ ਕੌਣ ਕਿਸ ਨੂੰ ਕਹਿ ਰਿਹਾ ਹੈ ?
(a) ਬਾਪੂ ਜੀ ਨੱਥੇ ਨੂੰ (b) ਨੱਥੇ ਨੇ ਬਾਪੂ ਨੂੰ ਕਿਹਾ
(c) ਊਧਮ ਸਿੰਘ ਨੱਥੇ ਨੂੰ (d) ਭਾਈ ਸੁਲਤਾਨ ਸਿੰਘ ਬਾਪੂ ਜੀ ਨੂੰ

42. ਜੈਤੋਂ ਪਾਠ ਰੱਖਣ ਲਈ ਕਿੰਨੇ ਸਿੰਘਾਂ ਦਾ ਜੱਥਾ ਗਿਆ ਸੀ ?
(a) 100 ਸਿੰਘਾਂ ਦਾ ਜੱਥਾ (b) 150 ਸਿੰਘਾਂ ਦਾ ਜੱਥਾ
(c) 200 ਸਿੰਘਾਂ ਦਾ ਜੱਥਾ (d) 25 ਸਿੰਘਾਂ ਦਾ ਜੱਥਾ

43. ਕਿਹੜੇ ਗੁਰਦੁਆਰੇ ਵਿੱਚ ਅਖੰਡ-ਪਾਠ ਖੰਡਿਤ ਹੋਇਆ ?
(a) ਜੈਤੋ ਵਿਖੇ (b) ਅੰਮ੍ਰਿਤਸਰ ਵਿਖੇ
(c) ਗੰਗਸਰ ਵਿਖੇ (d) ਪਟਨਾ ਸਾਹਿਬ ਵਿਖੇ

44. ਬਾਪੂ ਜੀ ਨੇ ਪਾਣੀ ਦੀ ਗੜਵੀ ਕਿਸ ਨਾਲ ਚੁੱਕੀ ?
(a) ਤੌਲੀਏ ਨਾਲ (b) ਕਪੜੇ ਨਾਲ
(c) ਪੋਣੇ ਨਾਲ (d) ਪਰਨੇ ਨਾਲ

45. ਜੈਤੋ ਵਿੱਚ ਕੈਦੀਆਂ ਦੀ ਥਾਂ ਕਿਹੋ ਜਿਹੀ ਸੀ ?
(a) ਪਾਣੀ ਦੇ ਕੁੰਡ ਵਰਗੀ (b) ਹਵਨ-ਕੁੰਡ ਵਰਗੀ
(c) ਨਰਕ-ਕੁੰਡ ਵਰਗੀ (d) ਜਲ-ਕੁੰਡ ਵਰਗੀ

46. ਸ਼ੁੱਧ ਸ਼ਬਦਾਂ ਦੀ ਗਿਆਨ ਲਈ 'ਸੁਧਾਰਾਤਮਕ-ਅਧਿਆਪਨ' (Remedial Teaching) ਦੀ ਸਭ ਤੋਂ ਪਹਿਲੀ ਮੰਗ—
(a) ਸਿਖਿਆਰਥੀਆਂ ਨੂੰ ਸ਼ੁੱਧ ਸ਼ਬਦ ਲਿਖਣ ਲਈ ਵਾਰ-ਵਾਰ ਕਿਹਾ ਜਾਵੇ
(b) ਕਠਿਨ ਸ਼ਬਦਾਂ ਲਈ ਬੋਲ-ਲਿਖਤ ਹੋਵੇ
(c) ਪੜ੍ਹਾਈ ਵਿੱਚ ਵਿਸ਼ਲੇਸ਼ਣ ਤੇ ਸਿੱਖਣ ਵਿੱਚ ਅੰਤਰਾਲ (Gaps) ਪਾਇਆ ਜਾਵੇ
(d) ਅੱਖਰਾਂ ਤੇ ਸ਼ਬਦਾਂ ਦੀ ਬਨਾਵਟ ਬਾਰੇ ਸਿਖਿਆਰਥੀਆਂ ਨੂੰ ਦੱਸਿਆ ਜਾਵੇ

47. ਪ੍ਰਾਇਮਰੀ ਪੱਧਰ 'ਤੇ ਇਹ ਸਹੀ ਹੈ ਕਿ ਉਹਨਾਂ ਨੂੰ ਮਾਤਰ-ਭਾਸ਼ਾ ਵਿੱਚ ਪੜ੍ਹਾਇਆ ਜਾਵੇ ਕਿਉਂਕਿ—
(a) ਬੱਚਿਆਂ ਵਿੱਚ ਆਤਮ-ਵਿਸ਼ਵਾਸ ਦਾ ਵਿਕਾਸ ਹੁੰਦਾ ਹੈ
(b) ਬੱਚਿਆਂ ਲਈ ਪੜ੍ਹਾਈ ਆਸਾਨ ਬਣ ਜਾਂਦੀ ਹੈ
(c) ਬੌਧਿਕ ਵਿਕਾਸ ਵਿੱਚ ਮਦਦਗਾਰ
(d) ਬੱਚਿਆਂ ਨੂੰ ਕੁਦਰਤੀ ਵਾਤਾਵਰਨ ਸਮਝਣ ਵਿੱਚ ਮਦਦ

48. ਪਾਠ ਦਾ ਜਟਿਲ ਅਰਥ ਸਮਝਣ ਵਿੱਚ ਲਈ ਹੇਠ ਲਿਖਿਆਂ ਵਿੱਚੋਂ ਕਿਹੜਾ ਸਭ ਤੋਂ ਵੱਧ ਸਹਾਇਕ ਹੈ—
(a) ਉੱਚੀ ਪੜ੍ਹਨਾ (b) ਚੁਪ-ਚਾਪ ਪੜ੍ਹਨਾ
(c) ਰੁਕ-ਰੁਕ ਕੇ ਪੜ੍ਹਨਾ (d) ਵਿਸਤਾਰ ਵਿੱਚ ਪੜ੍ਹਨਾ

49. ਸਮਾਜਿਕ ਵਰਤਾਰੇ ਵਿੱਚ ਭਾਸ਼ਾ ਦੇ ਸਿਧਾਂਤ ਨੂੰ ਵਿਕਸਿਤ ਕਰਨ ਵਿੱਚ ਕਿਸ ਨੇ ਸਭ ਤੋਂ ਜ਼ਿਆਦਾ ਮਹੱਤਤਾ ਦਿੱਤੀ ਹੈ—
(a) ਸਕਿਨਰ (b) ਚੌਮਸਕੀ
(c) ਪਿਗਟੇ (d) ਵਾਈਗੋਟਸਕੀ

50. ਬੋਲ ਲਿਖਤ ਜ਼ਰੂਰੀ ਹੈ—
(a) ਸਿਖਿਆਰਥੀ ਦੀ ਸੁਣਨ ਦੀ ਯੋਗਤਾ ਪਰਖਣ ਲਈ
(b) ਸਿਖਿਆਰਥੀ ਦੀਆਂ ਸ਼ਾਬਦਿਕ ਭੁੱਲਾਂ ਲੱਭਣ ਲਈ
(c) ਸਿਖਿਆਰਥੀ ਦੀ ਲਿਖਣ-ਗਤੀ ਪਰਖਣ ਲਈ
(d) ਸਿਖਿਆਰਥੀ ਦੀ ਲਿਖਾਈ ਸੁਧਾਰਨ ਲਈ

51. ਸਿਖਿਆਰਥੀਆਂ ਦੀਆਂ ਗਲਤੀਆਂ ਨੂੰ ਲੈ ਕੇ ਅਧਿਆਪਕ ਦੀ ਕੀ ਪ੍ਰਤੀਕਿਰਿਆ ਹੋਣੀ ਚਾਹੀਦੀ ਹੈ—
(a) ਉਹਨਾਂ ਨੂੰ ਨਿੱਜੀ ਤੌਰ ਤੇ ਵਿਵਰਣ ਦੇਣਾ
(b) ਸਹੀ ਰੂਪ ਬਾਰੇ ਦੱਸਣਾ
(c) ਸਾਧਾਰਣ ਰੂਪ ਵਿੱਚ ਹੀ ਗਲਤੀ ਠੀਕ ਕਰਨਾ
(d) ਵਿਦਿਆਰਥੀ ਦਾ ਨਾਂ ਲਏ ਬਿਨਾਂ ਹੀ ਜਮਾਤ ਵਿੱਚ ਵਿਚਾਰ-ਵਟਾਂਦਰਾ ਕਰਨਾ

52. ਪ੍ਰਾਇਮਰੀ ਪੱਧਰ 'ਤੇ ਆਰੰਭਿਕ ਸਕੂਲ ਦੇ ਸਿਖਿਆਰਥੀਆਂ ਨੂੰ ਸਾਹਿਤ ਪੜ੍ਹਾਉਣ ਦਾ ਉਦੇਸ਼—
(a) ਸਾਹਿਤ ਰਾਹੀਂ ਭਾਸ਼ਾ ਦਾ ਗਿਆਨ ਦੇਣਾ
(b) ਉਹਨਾਂ ਨੂੰ ਸਾਹਿਤ ਦੀ ਪ੍ਰਸ਼ੰਸਾ ਕਰਨਾ ਸਿਖਾਉਣਾ
(c) ਸਾਹਿਤ ਲਈ ਸਿਖਿਆਰਥੀਆਂ ਵਿੱਚ ਰੁਚੀ ਪੈਦਾ ਕਰਨਾ
(d) ਆਲੋਚਨਾਤਮਕ ਸੋਚ ਦੀ ਯੋਗਤਾ ਦਾ ਵਿਕਾਸ ਕਰਨਾ

53. ਭਾਸ਼ਾ ਦੀ ਪ੍ਰਯੋਗਸ਼ਾਲਾ ਦਾ ਪ੍ਰਮੁੱਖ ਰੂਪ ਵਿਚ ਇਸਤੇਮਾਲ ਕਿਸ ਲਈ ਹੁੰਦਾ ਹੈ—
(a) ਸਾਧਾਰਣ ਤਰੀਕੇ ਨਾਲ ਸਿਖਿਆਰਥੀ ਦੀ ਭਾਸ਼ਾ ਦਾ ਵਿਕਾਸ ਕਰਨ ਲਈ
(b) ਭਾਸ਼ਾ ਪਾਠਾਂ ਨੂੰ ਆਸਾਨ ਤੇ ਦਿਲਚਸਪ ਬਣਾਉਂਦੀ ਹੈ
(c) ਸਿਖਿਆਰਥੀ ਨੂੰ ਆਪਣੀਆਂ ਗਲਤੀਆਂ ਲੱਭਣ ਤੇ ਠੀਕ ਕਰਨ ਵਿੱਚ ਮਦਦ
(d) ਭਾਸ਼ਾ ਦੇ ਅਧਿਆਪਕ ਦਾ, ਕੰਮ ਦਾ ਬੋਝ ਘਟਾਉਂਦੀ ਹੈ

54. ਭਾਸ਼ਾ ਦੇ ਵਿਗਿਆਨ ਨੂੰ ਕਿਹਾ ਜਾਂਦਾ ਹੈ—
(a) ਸ਼ੈਲੀ ਵਿਗਿਆਨ (b) ਧੁਨੀ ਵਿਗਿਆਨ
(c) ਭਾਸ਼ਾ ਵਿਗਿਆਨ (d) ਸ਼ਾਬਦਿਕ ਗਿਆਨ

55. ਉਪ-ਭਾਸ਼ਾ, ਜਾਤੀ-ਭਾਸ਼ਾ, ਮਿਲੀ-ਜੁਲੀ ਤੇ ਅਸ਼ੁੱਧ ਭਾਸ਼ਾਵਾਂ ਹਨ—
(a) ਕੁਦਰਤੀ ਤੌਰ ਤੇ ਵੱਖਰੀ ਭਾਸ਼ਾ ਵਿੱਚ ਉਪਲਬਧੀਆਂ ਚੱਲ ਰਹੀਆਂ ਹਨ
(b) ਭਾਸ਼ਾ ਤੋਂ ਘੱਟ
(c) ਬਹੁਤ ਛੋਟੀਆਂ ਜਾਤੀਆਂ ਵਿੱਚ ਬੋਲੀਆਂ ਜਾਣ ਵਾਲੀਆਂ
(d) ਵਿਹਾਰ ਵਜੋਂ ਸਮਾਨ ਪਰਿਮਾਪ ਰੱਖਣ ਵਾਲੀਆਂ

56. ਹੇਠ ਲਿਖਿਆਂ ਵਿਚੋਂ ਕਿਹੜਾ ਵਿਚਾਰ ਭਾਸ਼ਾ ਦੇ ਬਾਰੇ ਸਹੀ ਹੈ—
(a) ਸਮਾਜ ਤੋਂ ਬਾਹਰ ਭਾਸ਼ਾ ਦੀ ਨਾਂ ਕੋਈ ਹੋਂਦ ਹੈ ਤੇ ਨਾ ਹੀ ਉਹ ਵਿਕਾਸ ਕਰ ਸਕਦੀ ਹੈ
(b) ਜਮਾਤ ਵਿੱਚ ਭਾਸ਼ਾ ਦਾ ਪ੍ਰਚਾਰ ਜ਼ੁਬਾਨੀ ਹੀ ਹੋਵੇ
(c) ਸਾਰੀਆਂ ਭਾਸ਼ਾਵਾਂ ਇੱਕੋ ਹੀ ਸ਼ੈਲੀ ਵਿੱਚ ਨਹੀਂ ਲਿਖੀਆਂ ਜਾ ਸਕਦੀਆਂ
(d) ਭਾਸ਼ਾ ਦਾ ਕਿਸੇ ਸੰਸਕ੍ਰਿਤੀ ਤੇ ਸਮਾਜ ਨਾਲ ਕੋਈ ਰਿਸ਼ਤਾ ਨਹੀਂ

57. ਹੇਠ ਲਿਖੇ ਵਿਚਾਰ ਦਾ 'ਸਿੱਖਿਆ' ਵਿੱਚ ਕੀ ਪ੍ਰਭਾਵ ਹੈ—
'ਭਾਸ਼ਾ ਤਬਾਹ ਹੋ ਜਾਵੇਗੀ ਜਦ ਅਸੀਂ ਉਸਨੂੰ ਬਾਕੀ ਉਦੇਸ਼ਾਂ ਨਾਲੋਂ ਵੱਖਰਾ ਕਰ ਦੇਵਾਂਗੇ'
(a) ਭਾਸ਼ਾ ਅਧਿਆਪਕ ਨੂੰ ਸਾਰੀਆਂ ਭਾਸ਼ਾਵਾਂ ਇਸਤੇਮਾਲ ਕਰਨ ਵਿੱਚ ਨਿਪੁੰਨ ਹੋਣਾ ਚਾਹੀਦਾ ਹੈ
(b) ਭਾਸ਼ਾ ਅਧਿਆਪਕ ਨੂੰ ਸਿਖਿਆਰਥੀ ਦੁਆਰਾ ਕੀਤੀਆਂ ਗਈਆਂ ਸਾਰੀਆਂ ਗਲਤੀਆਂ ਨੂੰ ਨਜ਼ਰ-ਅੰਦਾਜ਼ ਕਰਨਾ ਪਵੇਗਾ
(c) ਪ੍ਰਾਇਮਰੀ ਪੱਧਰ ਤੇ ਜ਼ਿਆਦਾ ਤੋਂ ਜ਼ਿਆਦਾ ਭਾਸ਼ਾਵਾਂ ਪੜ੍ਹਾਈਆਂ ਜਾਣ
(d) ਜਮਾਤ ਵਿੱਚ ਮਾਤਰ-ਭਾਸ਼ਾ ਦੇ ਇਸਤੇਮਾਲ ਤੇ ਪਾਬੰਦੀ ਨਹੀਂ ਹੋਣੀ ਚਾਹੀਦੀ

58. ਭਾਸ਼ਾ ਪੜ੍ਹਾਉਂਦਿਆਂ ਹੋਇਆਂ ਅਧਿਆਪਕ ਕਿਸ ਗੱਲ ਤੇ ਜ਼ਿਆਦਾ ਜ਼ੋਰ ਦੇਵੇ—
(a) ਭਾਸ਼ਾ ਦੀ ਪਾਠ-ਪੁਸਤਕ 'ਤੇ
(b) ਭਾਸ਼ਾ-ਪਰਖ 'ਤੇ (c) ਭਾਸ਼ਾ ਵਰਤਣ ਦੇ ਮੌਕੇ 'ਤੇ
(d) ਵੱਖਰੀ ਕਿਸਮ ਦੇ 'ਘਰ ਦੇ ਕੰਮ' 'ਤੇ

59. 'ਭਾਸ਼ਾ ਨੂੰ ਸੰਦ ਦੇ ਤੌਰ ਤੇ ਵਰਤਣ' ਦਾ ਅਰਥ ਹੈ—

(*a*) ਪ੍ਰਭਾਵ ਪਾਉਣ ਲਈ ਜ਼ੁਬਾਨੀ ਰੂਪ ਦਾ ਪ੍ਰਯੋਗ

(*b*) ਪ੍ਰਭਾਵ ਪਾਉਣ ਲਈ ਭਾਸ਼ਾ ਦੇ ਲਿਖਿਤ ਰੂਪ ਦਾ ਪ੍ਰਯੋਗ

(*c*) ਭਾਸ਼ਾ ਨੂੰ ਜੀਵਨ ਦੀਆਂ ਵੱਖਰੀਆਂ ਸਥਿਤੀਆਂ ਵਿੱਚ ਵਰਤਣਾ

(*d*) ਭਾਸ਼ਾ ਨੂੰ ਸਕੂਲ ਦੇ ਵਿਸ਼ੇ ਸਮਝਣ ਲਈ ਵਰਤਣਾ

60. ਤੀਜੀ ਜਮਾਤ ਦੀ ਅਧਿਆਪਿਕਾ ਨੇ ਪਾਠ-ਪੁਸਤਕ ਵਿੱਚੋਂ ਆਪਣੇ ਸਿਖਿਆਰਥੀਆਂ ਲਈ ਕਹਾਣੀ ਪੜ੍ਹੀ। ਉਹ ਅਗਲੇ ਚਰਣ ਵਿੱਚ ਸਿਖਿਆਰਥੀਆਂ ਨੂੰ ਕੀ ਪੁੱਛੇਗੀ—

(*a*) ਕਹਾਣੀ ਵਿਚਲੀ ਸਿੱਖਿਆ ਬਾਰੇ

(*b*) ਕਠਿਨ ਸ਼ਬਦਾਂ ਤੇ ਨਿਸ਼ਾਨ ਲਗਾਓ

(*c*) ਕਹਾਣੀ ਦਾ ਤੱਤ/ਸਾਰ ਕੀ ਸੀ

(*d*) ਕਹਾਣੀ ਵਿੱਚ ਉਹਨਾਂ ਨੇ ਕੀ ਪਸੰਦ ਕੀਤਾ ਤੇ ਉਸਦਾ ਕੀ ਆਨੰਦ ਮਾਣਿਆ

## English Language : (Question Number 61 to 90)

**Passage 1 : Please read the passage carefully and answer the questions 61 to 68**

In his death, my father, Glenn Vernon Martin, did something he could not do in life. He brought out family together. After he died at age 83, many of his friends told me how much he loved him–how generous he was, how outgoing, how funny, how caring. I was surprised at these descriptions. During my teenage years, there was little said to me that was not criticism. I remember him as angry. But now, ten years after his death, I recall events that seem to contradict my memory of him. When I was 16, he handed down to me the family's 1957 Chevy. Neither one of us knew at the time that it was the coolest car anyone my age could have. When I was in the third grade he proudly accompanied me to the school tumbling contest where I won the first prize. One day, while I was in single digits, he suggested we play catch in the front yard. This offer to spend time together was so anomalous that I didn't quite understand what I was supposed to do.

When I graduated from high school, my father offered to buy me a tuxedo, I refused becuase my father always shunned gifts. I felt with my refusal, that somehow in a convoluted, perverse logic, I was being a good son. I wish now that I could have let him buy a tuxedo, let him be a dad.

61. **"........ I recall events that seem to contradict my memory of him." (Paragraph 2) Here, the word 'contradict' implies that :**

(*a*) The author could not recall the memory of his father earlier.

(*b*) The author did not know his father in the teenage years.

(*c*) The author remembers a completely different side to his father now.

(*d*) The author can now recall events that strengthen his earlier memories.

62. **"I didn't quite understand what I was supposed to do." (Paragraph 2) The author felt this way because :**

(*a*) He secretly wished that his father would leave him alone.

(*b*) His father was an anomalous figure.

(*c*) His father's offer to spend time together was said in a confusing manner.

(*d*) His father rarely played catch with him.

63. **Why did the author refuse his father's offer to buy him a tuxedo ?**

(*a*) He did not need a tuxedo

(*b*) He wanted to be liked by his father

(*c*) He did not want to be like his father

(*d*) He thought it was too expensive a gift

64. **In this death, my father, Glenn Vernon Martin, did something he could not do in his life. He brought our family together. This means that :**

(*a*) After Mr. Glenn Martin's death, the family did something he could not do in his life.

(*b*) Mr. Glenn Martin did not do much while he was alive.

(*c*) The author's family continued to live together after Mr. Gleen Martin's death.

(*d*) Before Mr. Gleen Martin's death, the family members were not very close to each other.

65. **Which of the following sentences uses the word 'convoluted' (Paragraph 2) correctly ?**

(*a*) The students were unable to follow the teacher's convoluted explanation.

(*b*) An ordinary notebook has convoluted lines on either side.

(*c*) Lights rays become convoluted in water.

(*d*) The samosas were fried in convoluted oil.

66. **Which one of the following words can be used as a 'description' word ? (Paragraph 2)**

(*a*) He (*b*) Case

(*b*) Wooden (*d*) During

67. **"One day, while I was in single digits...." (Paragraph 2) What does 'single digits' means here ?**

(*a*) The author was less than ten years old.

(*b*) The author was unmarried, and therefore, single.

(*c*) The author did not have anyone to play with.

(*d*) The author was doing his mathematics homework.

68. **"During my teenage years, little was said to me that was not criticism." (Paragraph 2) This statement means that during the author's teenage life :**

(*a*) His father spoke little to him

(*b*) His father criticized him a lot

(*c*) His father was not critical of him

(*d*) His father was not angry with him.

**Passage 2 : Please read the passage carefully and answer the questions 69 to 75**

There are two ways in which 'nonasserters' manage a conflict. Sometimes they ignore their needs. Faced with a constantly barking dog, for instance, a nonassertive person would try to forget the barking by closing the windows and trying to concentrate even harder. Another form of denial would be to claim that no problem exists–that a little barking never bothered anyone. To the degree that it's possible to make problems disappear by ignoring them, such an approach is probably advisable. In many cases, however, it simply isn't realistic to claim that nothing is wrong. For instance, if your health is being jeopardized by the cigarette smoke from someone nearby, you are clearly punishing yourself by remaining silent. If you need to learn more information from a supervisor before undertaking a project, you reduce the quality of your work by pretending that you understand it at all. If you claim that an unsatisfactory repair job is acceptable, you are paying good money for nothing. In all these and many more cases simply pretending that nothing is the matter when your needs continue to go unmet is clearly not the answer.

A second nonassertive course of action is to acknowledge your needs are not being met but simply to accept the situation, hoping that it might clear up without any action on your part. You could, for instance, wait for the neighbour who owns the barking dog to move. You could wait for the dog to be run over by passing car or to die of old age. You could hope that your neighbour will realize how noisy the dog is and do something to keep it quiet. Each of these occurrences is a possibility, of course, but it would be unrealistic to count on one of them to solve your problem. And even if by chance you were lucky enough for the dog problem to solve without taking action, you couldn't expect to be so fortunate in other parts of your life.

In addition, while waiting for one of these eventualities, you would undoubtedly grow more and more angry at your neighbour, making a friendly relationship between the two of you impossible. You would also lose a degree of self–respect, since you would see yourself as the kind of person who can't cope with even a common everyday irritation. Clearly, non–assertion is not a very satisfying course of action either in this case or in other instances.

**69. In case of the presence of a barking dog in the neighbourhood, a nonassertive person is likely to :**

(*a*) Pray to god to eliminate the dog for good.

(*b*) Speak to the neighbour who owns the dog.

(*c*) Close the window or behave as if the dog is not there.

(*d*) Get someone to keep the dog quiet.

**70. 'Acknowledge' in this passage means :**

(*a*) Confirm the receipt (*b*) Express reservation

(*c*) Give a grunt (*d*) Recognize

**71. Nonassertive behaviour cannot lead to :**

(*a*) The disappearance of the problem over a period of time.

(*b*) Suffering due to one's unwillingness to act.

(*c*) Someone losing huge amounts of money.

(*d*) A below par performance in individuals.

**72. On reading the passage, one can conclude that :**

(*a*) Being nonassertive serves a purpose

(*b*) Being nonassertive is unrealistic

(*c*) Being nonassertive may not offer a solution

(*d*) One should learn to be assertive

**73. According to the passage, non–assertive people do not :**

(*a*) Live in denial (*b*) Believe in communicating

(*c*) Feel anger at any cost (*d*) Lose a little self respect

**74. The passage indicates that people who do not assert themselves are likely to :**

(*a*) Gain accolades and respect from society

(*b*) Become friendly over a long period of time

(*c*) Turn reclusive and guilty due to their lack of action

(*d*) Tend to get angry with people

**75. 'Nonasserters' manage a conflict by :**

(*a*) Ignoring their own needs and accepting the difficult situations.

(*b*) Ignoring barking dogs as not being too bothersome

(*c*) Remaining silent till they have gathered all information

(*d*) Wait for the problems to move away as per their destiny

**76. "Deafening silence" is :**

(*a*) a refrain (*b*) a rhyme

(*c*) an oxymoron (*d*) an alliteration

**77. Semantics is the study of :**

(*a*) Vocabulary (*b*) Sounds

(*c*) Syntax (*d*) Grammar

**78. 'Always' and 'never' are :**

(*a*) Adjectives (*b*) Nouns

(*c*) Verbs (*d*) Adverbs

**79. Which of the following is most appropriate for the development of language proficiency at senior secondary level ?**

(*a*) Debating and discussing

(*b*) Role playing (*c*) Dramatizing

(*d*) Reading aloud

**80. The most important feature in drama is the :**

(*a*) Plot (*b*) Dialogues

(*c*) Stage directions (*d*) Characters

**81. In order to acquire language, the learner needs ............. communication.**

(*a*) natural (*b*) more

(*c*) artificial (*d*) less

**82. Which of the following letters is most often not pronounced before a consonant ?**

(*a*) P (*b*) R

(*c*) N (*d*) S

**83. 'How do the children learn the language ?' an understanding of this fact will be mostly used in :**

(a) Deciding the homework of language.
(b) Making the teaching methods of language more effective.
(c) Organising the text for language.
(d) Giving the practice questions of the language.

**84. When evaluating creative writing, the most important features to keep in mind are :**

(a) Imagination and coherence
(b) Imagination and creativity
(c) Imagination and unity
(d) Imagination and knowledge.

**85. Which is the least common process of word formation in English ?**

(a) Coinage (b) Borrowing
(c) Compounding (d) Blending

**86. 'Aural' means to**

(a) Speak (b) Hear
(c) Pronounce (d) Read

**87. Expository writing means, writing for :**

(a) Creativity (b) Pleasure
(c) Information (d) Formality

**88. Scanning means, reading for :**

(a) Improving one's Knowledge
(b) The main ideas (c) A specific fact
(d) Getting extra information

**89. Phonology is the study of :**

(a) Grammar (b) Vocabulary
(c) Sounds (d) Sentences

**90. When skimming, we read to :**

(a) Locate specific information
(b) Arrive at the gist (c) Derive pleasure
(d) Widen our knowledge

## ਸਮਾਜ-ਵਿਗਿਆਨ (ਦੁ-ਭਾਸ਼ੀਆ)-ਪ੍ਰਸ਼ਨ ਨੰ. 91 - 150

### History : Question 91 to 100

**91. In middle period Indian people didn't know about which eatable things**

(a) potato (b) black peper
(c) chillies (d) maize

**92. Identify the correct sequence**

(a) Samveda, Rigveda, Ayurveda, Artharveda
(b) Rigveda, Samveda, Artharveda, Ayurveda
(c) Rigveda, Samveda, Ayurveda, Artharveda
(d) Rigveda, Artharveda, Ayurveda, Samveda

**93. The city was very famous in ancient India because :**

- north to south and east to west has important trade transport roads
- it was the centre of Hinduism, Jainism, Buddhism
- it was the second capital of Kuchwahan
- it was the great centre of art

(a) Mathura (b) Gandhar
(c) Delhi (d) Kashi

**94. Words 'Jiyarath', 'Silsila', 'Khanakhas', 'Murid' are related to which community :**

(a) Islam (b) Sufivada
(c) Masjid (d) Delhi Sultanate

**95. Which statement among the following is correct in the context of hunting and laws of forests in India**

(a) under the colonial rule laws of forests given the authority to hunting
(b) some pictures of Mughal and Colonial period shows the pictures of princes and emperors to save the lives of animals from hunters
(c) under the colonial rule the hunting level was decreased till the breeds of animals in danger has completed
(d) Britishers assumed the large number of animals in forests as a sign of traditional and backward society and assumed that to kill these animals India will be civilized

### ਇਤਿਹਾਸ : ਪ੍ਰਸ਼ਨ ਨੰਬਰ 91 ਤੋਂ 110

**91. ਮੱਧਕਾਲੀਨ ਭਾਰਤ ਵਿੱਚ ਇਨ੍ਹਾਂ ਵਿਚੋਂ ਕਿਹੜੀ ਖਾਣ ਦੀ ਵਸਤੂ ਬਾਰੇ ਲੋਕ ਨਹੀਂ ਜਾਣਦੇ ਹਨ—**

(a) ਆਲੂ (b) ਕਾਲੀ ਮਿਰਚ
(c) ਮਿਰਚਾਂ (d) ਮੱਕੀ

**92. ਸਹੀ ਕ੍ਰਮ ਦੀ ਪਛਾਣ ਕਰੋ—**

(a) ਸਾਮਵੇਦ, ਰਿਗਵੇਦ, ਯਜੁਰਵੇਦ, ਅਥਰਵਵੇਦ
(b) ਰਿਗਵੇਦ, ਸਾਮਵੇਦ, ਅਥਰਵਵੇਦ, ਯਜੁਰਵੇਦ
(c) ਰਿਗਵੇਦ, ਸਾਮਵੇਦ, ਯਜੁਰਵੇਦ, ਅਥਰਵਵੇਦ
(d) ਰਿਗਵੇਦ, ਅਥਰਵਵੇਦ, ਯਜੁਰਵੇਦ, ਸਾਮਵੇਦ

**93. ਇਹ ਸ਼ਹਿਰ ਪ੍ਰਾਚੀਨ ਭਾਰਤ ਵਿੱਚ ਮਹੱਤਵਪੂਰਨ ਸੀ ਕਿਉਂਕਿ—**

- ਉੱਤਰ ਤੋਂ ਦੱਖਣ ਅਤੇ ਪੂਰਬ ਤੋਂ ਪੱਛਮ ਵੱਲ ਵਪਾਰ ਦੇ ਮਹੱਤਵਪੂਰਨ ਰਸਤਿਆਂ ਉੱਤੇ ਸਥਾਪਿਤ ਸੀ
- ਹਿੰਦੂਵਾਦ, ਜੈਨਮੱਤ, ਬੁੱਧਮੱਤ ਦਾ ਕੇਂਦਰ ਸੀ
- ਕੁਸ਼ਵਾਹਾਂ ਦੀ ਦੂਜੀ ਰਾਜਧਾਨੀ ਸੀ
- ਕਲਾ ਦਾ ਮਹਾਨ ਕੇਂਦਰ ਸੀ।

(a) ਮਥੁਰਾ (b) ਗੰਧਾਰ
(c) ਦਿੱਲੀ (d) ਕਾਸ਼ੀ

